*International Journal of Information Movement* *Vol. 8 Issue XII (April 2024)*
*Website: www.ijim.in ISSN: 2456-0553 (online)* **Pages 30-33**

# ਸੀ. ਆਰ. ਮੌਦਗਿਲ ਦੇ ਕਹਾਣੀ-ਸੰਗ੍ਰਹਿ 'ਮਰਦ ਬੱਚੀ' ਦਾ ਕਲਾਤਮਕ ਅਧਿਐਨ

**ਰਿਤੇਸ਼ ਸ਼ਰਮਾ,**
ਰਿਸਰਚ ਸਕਾਲਰ,
ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ,ਕੁਰੂਕਸ਼ੇਤਰ।
Email-id: riteshattri90@gmail.com

---

**ਅਬਸਟ੍ਰੈਕਟ:-** ਸੀ.ਆਰ. ਮੌਦਗਿਲ ਦੀਆਂ ਕਹਾਣੀਆਂ ਜਿੰਨੀਆਂ ਆਪਣੀਆਂ ਵਿਸ਼ਿਆਂ ਕਾਰਨ ਮਹੱਤਵਪੂਰਨ ਹਨ ਉਸ ਤੋਂ ਕਿਤੇ ਜ਼ਿਆਦਾ ਮਹੱਤਵ ਆਪਣੀ ਕਹਾਣੀ ਕਲਾ ਕਾਰਨ ਹਨ। ਸੀ.ਆਰ.ਮੌਦਗਿਲ ਆਪਣੀ ਸ਼ੈਲੀ, ਕਲਾਤਮਕ ਜੁਗਤਾਂ ਕਾਰਨ ਆਪਣੀ ਕਹਾਣੀ ਨੂੰ ਖ਼ੂਬਸੂਰਤ ਅਤੇ ਵਿਲੱਖਣ ਕਰਨ ਦਾ ਵੱਲ ਜਾਣਦਾ ਹੈ। ਕਹਾਣੀਕਾਰ ਆਪਣੀ ਕਹਾਣੀ ਕਹਿਣ ਲਈ ਵੱਖ-ਵੱਖ ਬਿਰਤਾਂਤਕ ਜੁਗਤਾਂ ਵਰਤਦਾ ਹੈ। ਬਿਰਤਾਂਤ ਵਿਧੀ ਵਿਚ ਵੱਖਰਤਾ ਪੈਦਾ ਕਰਨ ਕਰਨਾ ਸੀ.ਆਰ. ਮੌਦਗਿਲ ਦੀ ਖਾਸੀਅਤ ਹੈ। ਉਸਦੀ ਕਹਾਣੀ ਕਲਾ ਦਾ ਇਕ ਹੋਰ ਅਹਿਮ ਹਿੰਸਾ ਉਸ ਦੀ ਭਾਸ਼ਾਈ ਯੋਗਤਾ ਹੈ।

**ਮੁੱਖ ਸ਼ਬਦ:-** ਬਿਰਤਾਂਤ, ਵਿਲੱਖਣ, ਧਰਮਸ਼ੇਤਰ, ਗਤੀਸ਼ੀਲ, ਆਰਟੀਕਲ, ਆਜ਼ਾਦੀ।

---

ਸੀ.ਆਰ.ਮੌਦਗਿਲ ਸਮਕਾਲੀ ਪੰਜਾਬੀ ਸਾਹਿਤ- ਸਿਰਜਣਾ ਦੇ ਖੇਤਰ ਵਿਚ ਆਪਣੀ ਨਵੇਕਲੀ ਪਛਾਣ ਸਥਾਪਿਤ ਕਰਨ ਵਾਲਾ ਉਹ ਸੰਵੇਦਨਸ਼ੀਲ ਲੇਖਕ ਹੈ ਜੋ ਮਾਨਵੀ ਕਦਰਾਂ-ਕੀਮਤਾਂ, ਸਦਾਚਾਰੀ ਮੁੱਲਾਂ ਅਤੇ ਮੂਲ ਸੰਸਕਾਰਾਂ ਪ੍ਰਤੀ ਪ੍ਰਤਿਬੱਦ ਹੈ ਗੁਰੂਆਂ, ਪੀਰਾਂ- ਪੈਗੰਬਰਾਂ, ਰਿਸ਼ੀਆਂ- ਮੁਨੀਆਂ ਦੀ ਤਪੱਸਿਆ ਅਤੇ ਅਨੁਭਵ ਦੇ ਫਲਸਵਰੂਪ ਉਪਜੇ ਗਿਆਨ, ਵੇਦ-ਵੇਦਾਂਤ ਧੁਰ ਦੀ ਬਾਣੀ ਆਦਿ, ਅਨੰਤ, ਅਵਿਨਾਸੀ ਦੇ ਪ੍ਰਕਾਸ਼ ਪੁੰਜ ਬਣ ਜਗਮਗਾਉਂਦੇ ਅਮੀਰ ਵਿਰਸੇ ਨੂੰ ਆਤਮ ਸਾਥ ਕਰਕੇ ਨਿਸ਼ਕਾਮ, ਨਿਸ਼ਭਾਵ ਨਾਲ ਬੜੇ ਹੌਸਲੇ, ਹਿੰਮਤ ਅਤੇ ਦਲੇਰੀ ਨਾਲ ਨਿਰੰਤਰ ਅਮਾਨਵੀ ਸ਼ਕਤੀਆਂ ਦੇ ਵਿਰੁੱਧ ਅਰਜੁਨ ਦੀ ਤਰ੍ਹਾਂ ਕਲਮ ਰੂਪੀ ਗੰਡੀਵ ਚੁੱਕ ਕੇ ਧਰਮਸ਼ੇਤਰ ਕੁਰੂਕਸ਼ੇਤਰ ਦੀ ਪਵਿੱਤਰ ਪਾਵਨ ਧਾਰਾ ਤੇ ਯੁੱਧ ਵਿੱਚ ਉਤਰਿਆ ਹੈ। ਉਸ ਦੀ ਕਰਮਸ਼ੀਲ ਸ਼ਖਸ਼ੀਅਤ ਦਾ ਮਹੱਤਵਪੂਰਨ ਪੱਖ ਇਹ ਹੈ ਕਿ ਉਨੀ ਹੀ ਸ਼ਿਦਤ ਨਾਲ ਮਾਨਵੀ ਸਰੋਕਾਰਾਂ ਦਾ ਵੀ ਪੈਰੋਕਾਰ ਹੈ ਜਿਸ ਦਾ ਪ੍ਰਤੱਖ ਪ੍ਰਮਾਣ ਉਸ ਦੀਆਂ ਬਹੁ-ਪੱਖੀ, ਬਹੁ-ਪਸਾਰੀ, ਬਹੁ-ਰੰਗੀ ਸਾਹਿਤਕ ਸਿਰਜਣਾ ਵਿਚ ਵੇਖ ਸਕਦੇ ਹਾਂ।

ਮੌਦਗਿਲ ਸਾਹਿਤ ਖੇਤਰ ਵਿਚ ਵੀ ਨਿਰੰਤਰ ਗਤੀਸ਼ੀਲ ਅਤੇ ਪ੍ਰਯਤਨਸ਼ੀਲ ਰਿਹਾ ਹੈ। ਉਸਦੀ ਪਲੇਠੀ ਪੁਸਤਕ 1990 ਵਿੱਚ ਛੱਪੀ ਪਰ ਉਹ ਪੜ੍ਹਨ-ਲਿਖਣ, ਸ਼ਬਦ ਚਿੰਤਨ ਦੀ ਤਪੱਸਿਆ ਵਿਚ ਸਾਧਨਾ ਵਿਚ, ਜਿੰਦਗੀ ਦੇ ਇਸ ਮੁਹਾਣੇ ਤੇ ਵੀ ਇੱਕ ਪੁਲਾਂਘ ਹੋਰ, ਇੱਕ ਪੁਲਾਂਘ ਹੋਰ ਕਰਦਾ ਹੋਇਆ ਮੈਰਾਥੀਨ ਜਿੱਤ ਲਿਆ ਹੈ ਉਸਨੇ ਤਕਰੀਬਨ 150 ਆਰਟੀਕਲ ਲਿਖੇ ਹਨ ਜੋ ਵੱਖ-ਵੱਖ ਰਸਾਲਿਆਂ, ਮੈਗਜੀਨਾਂ ਅਤੇ ਕਿਤਾਬਾਂ ਵਿਚ ਛਪੇ ਹਨ। ਇਸ ਤੋਂ ਇਲਾਵਾ ਉਸਦੇ ਕਹਾਣੀ-ਸੰਗ੍ਰਹਿ ਜੰਮਣ ਭੋਮ, ਵੇਦਨਾ, ਦਿਸਹੱਦਿਆਂ ਦੇ ਰਾਹੀ, ਇੱਕ ਪੁਲਾਘ ਹੋਰ, ਸੱਥ-ਕਥਾ ਅਤੇ ਮਰਦ ਬੱਚੀ(2007) ਵਿੱਚ ਪ੍ਰਕਾਸ਼ਿਤ ਹੋਏ। ਮੌਦਗਿਲ ਨੂੰ ਕਹਾਣੀ ਕਹਿਣ ਦੀ ਮੁਹਾਰਤ ਹਾਸਿਲ ਹੈ ਜੋ ਕਿਸੇ ਵਿਕਲੇ ਹੀ ਕਥਾਕਾਰ ਨੂੰ ਹੁੰਦੀ ਹੈ।

ਉਸ ਦੀਆਂ ਕਹਾਣੀਆਂ ਮਨੁੱਖੀ ਦਿਲ ਨੂੰ ਟੁੰਬਦੀਆਂ ਹੀ ਨਹੀਂ ਸਗੋਂ ਮਨੁੱਖ ਨੂੰ ਸੰਵੇਦਨਸ਼ੀਲ ਬਣਾਉਣ ਵਿੱਚ ਵੀ ਸਹਾਈ ਹੁੰਦੀਆਂ ਹਨ। 1990 ਤੋਂ 2007 ਤੱਕ ਜਿੰਦਗੀ ਨੇ ਇੰਨੀਆਂ ਕਰਵਟਾਂ ਬਦਲੀਆਂ ਕੀ ਆਦਮੀ ਅਤੇ ਸੁਹਿਰਦ ਕਹਾਣੀਕਾਰ ਹੋਣ ਦੇ ਨਾਤੇ ਜਿੰਦਗੀ ਦੇ ਬਦਲਦੇ ਮਸਲਿਆਂ ਨੂੰ ਬੇਝਿਜਕ ਆਪਣੀ ਲੇਖਣੀ ਵਿੱਚ ਸ਼ਾਮਿਲ ਕਰਦਾ ਰਿਹਾ ਹੈ।

ਮੌਦਗਿਲ ਦੇ ਕਹਾਣੀ ਸੰਗ੍ਰਹਿ 'ਮਰਦ ਬੱਚੀ' ਦੀਆਂ ਕਹਾਣੀਆਂ ਦੀ ਵਿਸ਼ਾ-ਵਸਤੂ ਤੇ ਝਾਤ ਮਾਰਤੇ ਹਾਂ ਤਾਂ ਇਕ ਗੱਲ ਬਿਲਕੁਲ ਸਪਸ਼ਟ ਹੈ ਕਿ ਉਸਦੀਆਂ ਕਹਾਣੀਆਂ ਦਾ ਦਾਇਰਾ ਮਨੁੱਖੀ ਜਿੰਦਗੀ ਦੀ ਤਰ੍ਹਾਂ ਬਹੁਤ ਵਿਸ਼ਾਲ ਹੈ ਜਿਸ ਵਿਚ ਧਾਰਮਿਕ, ਆਜ਼ਾਦੀ, ਸਵੈਮਾਨ, ਸਮਾਜਿਕ ਬੰਧਨ, ਗੁਲਾਮੀ ਦੀਆਂ ਜੰਜੀਰਾਂ, ਜੁਲਮ ਦਾ ਵਿਰੋਧ, ਉਤਸ਼ਾਹ, ਨਿਡਰਤਾ, ਨਾਰੀ ਦੀ ਤਰਸਯੋਗ ਸਥਿਤੀ, ਕਾਮ- ਕ੍ਰੋਧ, ਆਤਮ ਬਲਿਦਾਨ, ਅਧਿਆਤਮਕ ਚਿੰਤਨ ਕੁਰਬਾਨੀ ਆਸਥਾ, ਭਾਵਨਾ ਆਦਿ ਕਹਾਣੀਆਂ ਦੇ ਵਿਸ਼ੇ ਗਹਿਰ ਗੰਭੀਰ ਤੇ ਲੇਖਕ ਦੀ ਸਮਾਜਿਕ ਵਰਤਾਰੇ ਪ੍ਰਤੀ ਚੇਤੰਨ ਦ੍ਰਿਸ਼ਟੀ ਦੇ ਸੂਚਕ ਹਨ।

ਸੀ.ਆਰ. ਮੌਦਗਿਲ ਦੇ 'ਮਰਦ ਬੱਚੀ' ਪੁਸਤਕ ਵਿਚ ਵਿਭਿੰਨ ਵਿਸ਼ਿਆਂ ਸੰਬੰਧਤ 11 ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਇਹ ਪੁਸਤਕ ਸਮਕਾਲੀ ਮਾਨਵੀ ਮਸਲੀਆਂ ਅਤੇ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਜਾਤ-ਪਾਤ, ਵਕਤ ਦੇ ਨਾਲ-ਨਾਲ ਸਮਾਜਿਕ ਕਦਰਾਂ-ਕੀਮਤਾਂ ਵਿਚ ਤੇਜ਼ੀ ਨਾਲ ਆ ਰਹੇ ਬਦਲਾਵ, ਬਦਲੇ ਦੀ ਅੱਗ ਵਿਚ ਸੜਦੇ ਮਨੁੱਖ ਅਤੇ ਗੁੰਡਾਗਰਦੀ ਨੂੰ ਲੇਖਕ ਨੇ ਜਿਸ ਬੇਬਾਕੀ ਨਾਲ ਚਿਤਰਿਆ ਹੈ।

ਕਹਾਣੀ 'ਮਰਦ ਬੱਚੀ' ਅਤੇ 'ਕੁੰਢੀਆਂ ਮੁੱਛਾਂ' ਜ਼ਾਲਮਾਂ ਤੋਂ ਬਦਲਾ ਲੈਣ ਦੇ ਅਮਲ ਦੀਆਂ ਜ਼ਬਰਦਸਤ ਗਾਥਾਵਾਂ ਨੇ। 'ਮਰਦ ਬੱਚੀ' ਪੰਜਾਬੀ ਵਿੱਚ ਫੈਲੇ ਅਤਿਵਾਦ ਦੇ ਕਾਲੇ ਦਿਨਾਂ ਦੀ ਕਹਾਣੀ ਹੈ। ਜਗੀਰ ਕੌਰ ਦਾ ਇਕਲੋਤਾ ਨੌਜੁਵਾਨ ਮੁੰਡਾ ਪਿੰਡ ਵਿੱਚ ਵਾਰਦਾਤ ਕਰਨ ਆਏ ਅਤਿਵਾਦੀਆਂ ਨੂੰ ਲਲਕਾਰਦਾ ਹੈ। ਅਤਿਵਾਦੀ ਇਹ ਦੇ ਕੇ ਭੱਜ ਗਏ, "ਆਪਣੀਆਂ ਲਕੜਾਂ ਦਾ ਪ੍ਰਬੰਧ ਕਰਕੇ ਰੱਖੀ'। ਦੂਜੇ ਗੇੜੇ ਉਹ ਮੁੰਡੇ ਅਤੇ ਉਹਦੀ ਘਰਵਾਲੀ ਨੂੰ ਮਾਰ ਜਾਂਦੇ ਹਨ। ਉਸ ਸਮੇਂ ਪੁਲਿਸ ਚੌਂਕੀ ਵਾਲੇ ਸਿਪਾਹੀ, ਪਿੰਡ ਦੇ ਹੋਰ ਲੋਕ ਬੱਤੀਆਂ ਬੁਝਾ ਕੇ ਲੁਕ ਛਿਪ ਜਾਂਦੇ ਹਨ। ਘਰਾਂ 'ਚੌਂ ਲਗਦੇ ਚਾਚੇ ਬਲਬੀਰ ਨੂੰ ਬਾਕੀ ਟੱਬਰ ਦੀ ਰਾਖੀ ਸੌਂਪੀ ਜਾਂਦੀ ਹੈ। ਉਹ ਚਾਚਾ ਅਤਿਵਾਦੀਆਂ ਦੀ ਪਛਾਣ ਕਰਨ ਲਈ, ਮਰਨ ਵਾਲੇ ਨੌਜਵਾਨਾਂ ਦੀ ਦਸਵੀਂ ਪਾਸ ਬੇਟੀ ਰਾਣੋ ਨੂੰ ਬਾਹਰ ਲਿਜਾ ਕੇ ਉਸਦੀ ਇੱਜਤ ਲੁੱਟਦਾ ਹੈ। ਫਿਰ ਰਾਣੋ ਉਸਨੂੰ, ਦੋਵੇਂ ਅਤਿਵਾਦੀਆਂ ਨੂੰ ਮਾਰਕੇ ਬਦਲਾ ਲੈਂਦੀ ਹੈ। "ਚਾਚਾ ਉਸ ਜਾਨਵਰ ਨੇ ਹੀ ਮੇਰੀ ਜ਼ਿੰਦਗੀ ਬਰਬਾਦ ਕੀਤੀ ਸੀ। ਉਸ ਨੂੰ ਕਿਸੇ ਅੱਤਵਾਦੀ ਨੇ ਨਹੀਂ ਮਾਰਿਆ ਸਗੋਂ ਉਸ ਦਾ ਪੁੱਤ ਹੀ ਮੇਰੇ ਢਿਡੋਂ ਜੰਮਿਆ ਸੀ। ਮੈਂ ਜਿਸ ਨੂੰ ਉਹ ਬੱਚਾ ਹਿੱਕ ਦੇ ਨਾਲੋਂ ਤੋੜ ਕੇ ਦਿੱਤਾ ਉਨ੍ਹਾਂ ਨੇ ਮੈਨੂੰ ਜਿਹੜੇ ਪੈਸੇ ਦਿੱਤੇ ਮੈਂ ਉਨ੍ਹਾਂ ਦਾ ਹੀ ਅਸਲਾ ਮੁੱਲ ਲੈ ਲਿਆ ਸੀ। ਉਸ ਕੁੱਤੇ ਨੂੰ ਮੈਂ ਨੀ ਮਾਰਿਆ ਹੈ। ਫਿਰ ਤੇਰੇ ਪਿੰਡ ਵਾਲੇ ਕਿਸੇ ਆਪਸੀ ਲੜਾਈ ਵਿਚ ਨਹੀਂ ਮਰੇ ਉਨ੍ਹਾਂ ਦੋਹਾਂ ਨੂੰ ਹੀ ਮੈਂ ਹੀ ਭੁੰਨਿਆ ਹੈ ਇਹੋ ਜਿਹੀਆਂ ਵੀਰਾਂਗਣਾ ਵਿਰਲੀਆਂ ਹੀ ਹੁੰਦੀਆਂ ਨੇ। ਅੱਤਵਾਦੀ ਦੇ ਦਿਨਾਂ 'ਚ ਕੁਝ ਡਟੀਆਂ ਵੀ ਸਨ ਜਿਨ੍ਹਾਂ ਨੇ ਦਹਿਸ਼ਨਗਰਦਾ ਨਾਲ ਮੁਕਾਬਲਾ ਕੀਤਾ ਸੀ।

ਮੌਦਗਿਲ ਦੀ ਕਹਾਣੀ 'ਘਰ ਘਰ ਇਹੋ ਅੱਗ' ਪੇਂਡੂ ਅਤੇ ਮੱਧਵਰਗੀ ਜੀਵਨ ਨਾਲ ਜੁੜੇ ਘਰਾਂ ਦੇ ਬੱਚੇ ਜਦੋਂ ਕਿਸੇ ਸਰਕਾਰੀ ਅਹੁਦੇ ਤੇ ਵੱਡੇ ਸ਼ਹਿਰਾਂ ਵਿੱਚ ਨੌਕਰੀਆਂ ਤੇ ਜਾਂਦੇ ਹਨ ਤਾਂ ਜਿਵੇਂ ਬਰਫ ਵਿੱਚ ਕੋਈ ਪਾਲਤੂ ਬਿੱਲੀ ਘਰ ਵਿੱਚ ਵੜਕੇ ਕੰਨ ਜਿਹੇ ਝਾੜਦੀ ਹੈ; ਉਹ ਲੋਕ ਵੀ ਕਿਸੇ ਕਲੱਬਰ ਵਰਗੀ ਥਾਂ ਤੇ ਬੈਠ ਕੇ ਆਪਣੇ ਬੀਤੇ ਦੇ ਭਾਰੂ ਪਲਾਂ ਨੂੰ ਇੱਕ

ਝਟਕੇ ਨਾਲ ਲਾਹੁਣ ਦੀ ਕੋਸ਼ਿਸ਼ ਕਰਦੇ ਹਨ। ਇਹ ਕਥਾ ਕਰਨ ਲੋਕ ਕਲੱਬ ਵਿਚ ਬੈਠਣ 'ਤੇ ਦਾਰੂ ਪੀ ਕੇ ਆਪਣੇ ਹਾਵ ਭਾਵ ਸਾਂਝੇ ਕਰਨ ਵਾਲੇ ਲੋਕਾਂ ਦੀ ਹੈ। "ਹਾਂ ਯਾਰ ਤੂੰ ਦੱਸ ਬਈ ਉਨ੍ਹਾਂ ਤੇ ਕੀ ਅੱਜ ਗੜੇ ਮਾਰ ਹੋ ਗੀ। ਪਿੰਦੇ ਤਾਂ ਰਹੇ ਪਰ ਝੜੇ ਕੁਝ ਵੀ ਨਾ?" ਉਹਨਾਂ ਦੇ ਕੁਟੰਬਾਂ ਅਤੇ ਦੱਬਾ ਦਾ ਚਰਚਾ ਕਰਨ ਲਈ ਲੇਖਕ ਨੇ ਇੱਕ ਨਿਵੇਕਲੀ ਜੁਗਤ ਵਰਤੀ ਹੈ। ਕਲੱਬ ਵਿੱਚ ਤਿੰਨ ਨੌਕਰ ਜੋ ਆਪਣੀ ਕਿਸੇ ਯੋਗਤਾ ਕਰਕੇ ਨਹੀਂ ਸਗੋਂ ਸਿਫਾਰਸ ਨਾਲ ਲੱਗੇ ਹਨ। ਨਿੱਕੇ ਵੱਡੇ ਅਹੁਦੇਦਾਰਾਂ ਦੀਆਂ ਹਰਕਤਾਂ ਉਤੇ ਉਹ ਨਿਗਾਹ ਵੀ ਰੱਖਦੇ ਹਨ ਤੇ ਟਿੱਪ ਤੇ ਘੱਟ ਵੱਧ ਮਿਲਣ ਤੇ ਟਿਕਾ ਟਿੱਪਣੀ ਕਰਦੇ ਮੈਂਬਰਾਂ ਦੇ ਵਿਹਾਰ ਦੀਆਂ ਗੱਲਾਂ ਕਰਦੇ ਹਨ। ਪੰਜਾਬੀ ਕਹਾਣੀ ਦੀ ਵਿਸ਼ੇ- ਵਸਤੂ ਉਪਰ ਵਿਚਾਰ ਰੱਖਦੇ ਹੋਏ ਪ੍ਰੋ. ਕਿਰਪਾਲ ਲਿਖਦਾ ਹੈ , "ਪੰਜਾਬੀ ਕਹਾਣੀ ਨੇ ਅਤੇ ਪੰਜਾਬੀ ਕਹਾਣੀ ਵਿੱਚ ਜਿਹੜੇ ਟੁੱਟੇ ਰਹੇ ਰਿਸ਼ਤੇ ਨੇ ਟੁੱਟ ਰਹੀ ਆਰਥਿਕਤਾ ਹੈ ਜਿਸ ਨੇ ਸਾਡੇ ਮਨੁੱਖ ਭੰਨਿਆ ਹੈ, ਕਿਵੇਂ ਉਹ ਪੇਸ਼ ਕੀਤਾ ਗਿਆ ਹੈ। ਇਹ ਮੌਦਗਿਲ ਦੀ ਕਹਾਣੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ"।

ਘਟਨਾਵਾਂ ਆਪਣੇ ਆਪ ਵਿਚ ਕੁਝ ਵੀ ਨਹੀਂ ਹੁੰਦਿਆਂ, ਉਹ ਘਟਨਾ ਕਿਸੇ ਸੰਦਰਭ ਵਿੱਚ ਵਾਪਰਦੀਆਂ ਹਨ। ਉਨ੍ਹਾਂ ਦਾ ਕੋਈ ਸਮਾਂ, ਸਥਾਨ ਹੁੰਦਾ ਹੈ। ਅਰਸਤੂ ਅਨੁਸਾਰ ਪਲਾਟ ਦੋ ਪ੍ਰਕਾਰ ਦੇ ਹੁੰਦੇ ਹਨ: ਇਕ ਸਧਾਰਨ ਕਿਸਮ ਦਾ ਅਤੇ ਦੂਸਰਾ ਗੁੰਝਲਦਾਰ(complex ) ਚੰਗੇ ਪਲਾਂਟ ਦੇ ਤਿੰਨ ਮਹੱਤਵਪੂਰਨ ਹਿੰਸੇ ਹੁੰਦੇ ਹਨ- ਸ਼ੁਰੂਆਤ, ਮੱਧ ਅਤੇ ਅੰਤ। ਸ਼ੁਰੂਆਤ ਉਹ ਹਿੰਸਾ ਹੁੰਦਾ ਹੈ ਜਿਸ ਤੋਂ ਪਹਿਲਾਂ ਕੁਝ ਵੀ ਕਹਿਣ ਦੀ ਲੋੜ ਨਹੀਂ ਹੁੰਦੀ। ਮੱਧ ਉਹ ਹੈ ਜੋ ਘਟਨਾਵਾਂ ਅਤੇ ਪਾਤਰਾਂ ਨੂੰ ਜ਼ਰੂਰਤ ਅਨੁਸਾਰ ਵਿਕਾਸ ਕਰਨ ਲਈ 'ਸਪੇਸ' ਪ੍ਰਦਾਨ ਕਰਦਾ ਹੈ ਅਤੇ ਅੰਤ ਉਹ ਹਿੰਸਾ ਹੁੰਦਾ ਹੈ ਜਿਸ ਤੋਂ ਬਾਅਦ ਕੁਝ ਵੀ ਕਹਿਣਾ ਲਾਜ਼ਮੀ ਨਹੀਂ ਹੁੰਦਾ। ਹੌਲੇ-ਹੌਲੇ ਕਥਨਕ ਅੱਗੇ ਵਧਦਾ ਹੈ ਕਹਾਣੀ ਦੇ ਤਕਨੀਕੀ ਪੱਖ ਨੂੰ ਉਜਾਗਰ ਕਰਦੇ ਹੋਏ ਡਾ. ਬਲਦੇਵ ਸਿੰਘ ਧਾਲੀਵਾਲ ਲਿਖਦਾ ਹੈ, "ਤਕਨੀਕੀ ਪੱਖੋਂ ਪੰਜਾਬੀ ਕਹਾਣੀ ਘਟਨਾਤਮਕ ਗੁੰਝਲਾਂ ਅਤੇ ਮੌਕਾ ਮੇਲ ਦੀਆਂ ਕਥਾ-ਜੁਗਤਾਂ ਰਾਹੀ ਉਤਸੁਕਤਾ ਪੈਦਾ ਕਰਨ ਦੀ ਥਾਂ ਮਨੁੱਖੀ ਵਿਵਹਾਰ ਦੇ ਬਾਹਰੀ ਅਤੇ ਅੰਦਰੂਨੀ ਦੇ ਸੰਜੀਵ ਬਿਰਤਾਂਤ ਦੁਆਰਾ ਰੌਚਿਕਤਾ ਸਿਰਜਣਾ ਲਗਦੀ ਹੈ"। ਉਸ ਦੀਆਂ ਕਹਾਣੀਆਂ ਦੇ ਜ਼ਿਆਦਾਤਰ ਪਲਾਟ ਸਧਾਰਨ ਹਨ। ਹਾਲਾਂਕਿ ਇੱਕ ਦੋ ਕਹਾਣੀ ਵਿੱਚ ਉਸਨੇ ਕੰਪਲੈਕਸ ਪਲਾਟ ਘੜਨ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ 'ਝੂਠਨ' ਕਹਾਣੀ ਵਿੱਚ ਮੁੰਡੇ ਨੇ ਕਿਹਾ, 'ਇਹ ਉਹ ਕੁੜੀ ਨਹੀਂ ਜਿਹੜੀ ਦਿਖਾਈ ਗਈ ਸੀ'। ਉਸ ਮੁੰਡੇ ਦੀ ਥਾਂ ਮੇਜਰ ਨੂੰ ਬਿਠਾਇਆ ਗਿਆ।

ਮੌਦਗਿਲ ਦੀਆਂ ਕਹਾਣੀਆਂ ਦੇ ਪਾਤਰ ਵੀ ਉਸਦੇ ਆਲੇ-ਦੁਆਲੇ ਦੇ ਵਾਤਾਵਰਣ ਦੀ ਹੀ ਉਪਜ ਹਨ। ਇਹ ਪਾਤਰ ਆਮ ਆਵਾਸ ਦੀ ਜ਼ਿੰਦਗੀ ਨਾਲ ਜੋੜੇ ਹੋਏ ਹਨ। ਮਾਲਵੇ ਖੇਤਰ ਦੇ ਲੋਕਾਂ ਦਾ ਜੀਵਨ ਚਿਤਰਦਿਆਂ ਕਹਾਣੀਕਾਰ ਨੇ ਉਹਨਾਂ ਦੀ ਰੂਹ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਉਹ ਲੋਕ ਨੇ ਜੋ ਪਿਆਰ ਵੀ ਹੱਦ ਤੋਂ ਵੱਧ ਕਰਦੇ ਨੇ ਅਤੇ ਬਦਲਾ ਵੀ ਵੱਧ ਤੋਂ ਵੱਧ ਲੈਂਦੇ ਹਨ। ਜਿਵੇਂ ਕਹਾਣੀ 'ਆਖਰੀ ਇਲਾਜ' ਵਿਚ ਰਿਸਭ ਨੇ ਆ ਕੇ ਆਪਣੀ ਮਾਂ ਨੂੰ ਜੱਫ਼ੀ ਪਾ ਲਈ ਅਤੇ ਪਿਆਰ ਨਾਲ ਕਹਿਣ ਲੱਗਾ, "ਠੀਕ ਹੈ। ਤੁਹਾਡੇ ਅਰਜੀ ਵਿਚਾਰ ਕਰਨ ਯੋਗ ਹੈ। ਅੱਜ ਹੀ ਉਸ ਨੂੰ ਅਤੀ-ਜਰੂਰੀ ਦਾ ਫਲੈਰਾ ਲਗਾ ਕੇ ਮਿਸਲ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਬਿਨਾਂ ਕਿਸੇ ਦੇਰੀ ਤੋਂ ਇਸ ਉੱਪਰ ਕਾਰਵਾਈ ਕੀਤੀ ਜਾਵੇਗੀ"। ਮੌਜਗਿਲ ਦੀਆਂ ਕਹਾਣੀਆਂ ਦੇ ਪਾਤਰ ਕਲਪਨਿਕ ਨਹੀਂ ਹਨ ਸਗੋਂ ਜਿਆਦਾਤਰ ਪਾਤਰ ਜਿੰਦਾ ਪਾਤਰ ਹਨ ਤੇ ਜਿਨ੍ਹਾਂ ਨੂੰ ਉਹ ਬੜੀ ਨੇੜਿਓ ਜਾਣਦਾ ਹੈ। ਕਈ ਥਾਵਾਂ ਤੇ ਤਾਂ ਕਹਾਣੀਕਾਰ ਮੌਦਗਿਲ ਖੁਦ ਹੀ ਪਾਤਰ ਹੁੰਦਾ ਹੈ।

ਇਸੇ ਤਰ੍ਹਾਂ ਠੇਠ ਮਲਵਈ ਖੇਤਰ ਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਜਿਵੇਂ ਜੁੱਬੜ, ਸੁੰਨਮ- ਸੁੰਨੇ, ਮੁੰਨੇ, ਮਰੀਅਲ ਜਿਹੇ ਮੱਝ ਕੰਧਾਂ- ਕੋਲ, ਧੱਫਾ, ਹਰਾਮ ਦੇ ਪੈਸੇ, ਗਿਟ-ਮਿਟ ਕਰਨਾ, ਗੋਹੇ, ਪਾਥੀਆ, ਕੰਜਰ, ਪਤੰਦਰੋ, ਸਾਲਾ ਘੁੰਨਾ ਆਦਿ।

ਉਪਰੋਕਤ ਸ਼ਬਦਾਂ ਦੀ ਵਰਤੋਂ ਲੇਖਕ ਨੂੰ ਉਨ੍ਹਾਂ ਲੋਕਾਂ ਦੀ ਜਿੰਦਗੀ ਨਾਲ ਜੋੜਦੀ ਹੈ ਜਿਨ੍ਹਾਂ ਲੋਕਾਂ ਦਾ ਉਹ ਆਪਣੀਆਂ ਕਹਾਣੀਆਂ ਵਿਚ ਪ੍ਰਤੀਨਿਧਤਵ ਕਰ ਰਿਹਾ ਹੈ। ਕਹਾਣੀਕਾਰ ਨੇ ਆਮ ਲੋਕਾਂ ਦੀ ਆਮ ਭਾਸ਼ਾ ਵਿੱਚ ਗੱਲ ਕੀਤੀ ਹੈ ਨਾ ਕਿ ਭਾਰੇ ਭਾਰੇ ਸਾਹਿਤਕ ਸ਼ਬਦਾਂ ਦੀ ਵਰਤੋਂ। ਕਰਤਾਰ ਸਿੰਘ ਦੁੱਗਲ ਲਿਖਦਾ ਹੈ ਮੈਂ ਮੰਨਦਾ ਹਾਂ ਕਹਾਣੀ ਉਹੀ ਕਾਮਯਾਬ ਹੈ ਜਿਸ ਵਿੱਚ ਕਵਿਤਾ ਵਰਗੀ ਸਹਿਜ- ਸੁਭਾਵਕਤਾ ਹੋਵੇ, ਜਿਸ ਵਿਚ ਕਵਿਤਾ ਵਰਗੀ ਤੀਬ੍ਰਤਾਂ ਹੋਵੇ ਜਿਸ ਵਿਚ ਕਵਿਤਾ ਵਰਗੀ ਇਕਸੁਰਤਾ ਹੋਵੇ।

ਅੰਤ ਵਿੱਚ ਆਖ ਸਕਦੇ ਹਾਂ ਕਿ ਸੀ.ਆਰ. ਮੌਦਗਿਲ ਦੇ ਕਹਾਣੀ ਸੰਗ੍ਰਹਿ 'ਮਰਦ ਬੱਚੀ' ਦੀਆਂ ਕਹਾਣੀਆਂ ਆਮ ਲੋਕਾਂ ਦੇ ਜੀਵਨ ਨਾਲ ਜੁੜੀਆਂ ਹੋਈਆਂ ਹੈ। ਇਨ੍ਹਾਂ ਕਹਾਣੀਆਂ ਦੇ ਵਿਸ਼ਾ ਗਹਿਰ ਗੰਭੀਰ ਅਤੇ ਸਮਾਜਿਕ ਮਸਲਿਆਂ ਬਾਰੇ ਹਨ। ਸਾਰੀਆਂ ਕਹਾਣੀਆਂ ਕਿਸੇ ਨਾ ਕਿਸੇ ਮਨੋਰਥ ਨੂੰ ਲੈ ਕੇ ਲਿਖੀਆਂ ਗਈਆਂ ਹਨ। ਲੇਖਕ ਨੇ ਪਾਤਰਾਂ ਨੂੰ ਉਨ੍ਹਾਂ ਦੀ ਇੱਛਾ ਮੁਤਾਬਕ ਸੁਤੰਤਰ ਸੋਚ ਦੇ ਧਾਰਨੀ ਰਹਿਣ ਦਿੱਤਾ ਹੈ। ਭਾਸ਼ਾ ਦੀ ਸਰਲਤਾ, ਸਾਦਗੀ ਅਤੇ ਸਪੱਸ਼ਟ ਬਿਆਨ, ਉਸਦੀ ਕਥਾਕਾਰੀ ਦੇ ਮੈਨੂੰ ਉੱਘੜਵੇਂ ਲੱਛਣ ਜਾਪਦੇ ਹਨ। ਸ਼ੈਲੀ ਵਿੱਚ ਲੋਕ ਕਥਾ ਲਬਰੇਜ ਕਰਦੇ ਹਨ- ਜਿਵੇਂ ਕੋਈ ਪ੍ਰਬੀਨ ਕਥਾਵਾਚਕ ਆਪਣੀਆਂ ਅੱਖਾਂ ਸਾਹਵੇਂ ਵਾਪਰੀਆਂ ਘਟਨਾਵਾਂ ਨੂੰ ਹੂ-ਬ-ਹੂ ਬਿਆਨ ਕਰ ਰਿਹਾ ਹੋਵੇ।

ਸੀ.ਆਰ. ਮੌਦਗਿਲ ਰਚਿਤ ਕਹਾਣੀ-ਸਾਹਿਤ ਸਾਨੂੰ ਆਪਣੀਆਂ ਜੜ੍ਹਾਂ ਨਾਲ ਜੁੜਨ ਲਈ ਪ੍ਰੇਰਿਤ ਕਰਦਾ ਹੈ।

**ਹਵਾਲੇ ਤੇ ਟਿੱਪਣੀਆਂ**

1. ਸੀ.ਆਰ.ਮੌਦਗਿਲ, ਮਰਦ ਬੱਚੀ, ਪੰਨਾ 12.
2. ਉਹੀ, ਪੰਨਾ 101.
3. ਉਹੀ, ਪੰਨਾ 107.
4. ਉਹੀ, ਕੁੰਢੀਆ ਮੱਥਾ, ਪੰਨਾ 45.
5. ਉਹੀ, ਘਰ ਘਰ ਇਹੋ ਅੱਗ, ਪੰਨਾ 66.
6. ਉਹੀ, ਪੰਨਾ 68.
7. ਉਹੀ, ਜੂਠਣ, ਪੰਨਾ 14.
8. ਉਹੀ, ਆਖਰੀ ਇਲਾਜ, ਪੰਨਾ 33.
9. ਉਹੀ, ਗਧੇ ਲੱਦ, ਪੰਨਾ 51.
10. ਡਾ. ਜੀਵਨ ਬਖਸੀ, ਮਾਨਵੀ ਸਰੋਕਾਰਾਂ ਦੇ ਪੈਰੋਕਾਰ, ਪਬਲਿਕੇਸ਼ਨ, ਮਾਨਸਾ, 2010, ਪੰਨਾ 62.
11. ਡਾ. ਕਰਾਂਤੀ ਪਾਲ, ਪੰਜਾਬੀ ਕਹਾਣੀ: ਇਕ ਸੰਵਾਦ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2002, ਪੰਨਾ 18.